Punjabi (Indian) version

ICAC

# ਅਸੀਂ ਮਿਲਕੇ ਨਿਰਪੱਖ ਸਮਾਜ ਨੂੰ ਅੱਗੇ ਵਧਾਉਂਦੇ ਹਾਂ

# ਰਿਸ਼ਵਤ ਨਾ ਦਿਓ, ਭ੍ਰਿਸ਼ਟਾਚਾਰ ਦੀ ਰਿਪੋਰਟ ਕਰੋ



## ਰਿਸ਼ਵਤ ਨਾ ਦਿਓ

ਰਿਸ਼ਵਤਖੋਰੀ ਨੂੰ ਹਾਂਗਕਾਂਗ ਵਿੱਚ ਇੱਕ ਜੁਰਮ ਮੰਨਿਆ ਗਿਆ ਹੈ। ਕੋਈ ਵੀ ਕਰਮਚਾਰੀ ਭਾਵੇਂ ਉਹ ਜਨਤਕ ਖੇਤਰ ਵਿੱਚ ਕੰਮ ਕਰ ਰਿਹਾ ਹੋਵੇ ਜਾਂ ਨਿੱਜੀ ਖੇਤਰ ਦੀ ਕੰਪਨੀ ਵਿੱਚ, ਜੇਕਰ ਉਹ ਫਾਇਦਾ ਲੈਣ ਜਾਂ ਦੇਣ ਦੇ ਮਕਸਦ ਨਾਲ ਆਪਣੇ ਅਧਿਕਾਰਾਂ ਦੀ ਦੁਰਵਰਤੋਂ ਕਰਦਾ ਹੈ ਤਾਂ ਉਸ ਦੇ ਲਈ ਇਹ ਰਿਸ਼ਵਤਖੋਰੀ ਦਾ ਜੁਰਮ ਹੈ। ਜੋ ਰਿਸ਼ਵਤ ਦਿੰਦਾ ਹੈ, ਉਹ ਵੀ ਅਪਰਾਧੀ ਹੈ। ਰਿਸ਼ਵਤ ਰੋਕੂ ਅਧਿਆਦੇਸ਼ (PBO) ਦੇ ਮੁਤਾਬਿਕ, ਕਿਸੇ ਵੀ ਤਰ੍ਹਾਂ ਦਾ ਫਾਇਦਾ ਜਿਵੇਂ ਕਿ ਕਿਸੇ ਵੀ ਤੋਹਫੇ, ਇਨਾਮ, ਕਮਿਸ਼ਨ, ਕਰਜ਼ਾ, ਦਫ਼ਤਰ, ਸੇਵਾ ਅਤੇ ਅਹਿਸਾਨ ਵਰਗੇ ਕਿਸੇ ਵੀ ਮੁੱਲ ਨੂੰ ਦਰਸਾਉਂਦਾ ਹੈ। ***ਅਜਿਹੇ ਕਿਸੇ ਵੀ ਲਾਭ ਦੀ ਪੇਸ਼ਕਸ਼ ਕਰਨ, ਬੇਨਤੀ ਕਰਨ ਜਾਂ ਸਵੀਕਾਰ ਕਰਨ ਲਈ ਵੱਧ ਤੋਂ ਵੱਧ ਸਜ਼ਾ ਸੱਤ ਸਾਲ ਦੀ ਜੇਲ੍ਹ ਅਤੇ HK$500,000 ਦਾ ਜੁਰਮਾਨਾ ਹੈ।***

ਰਿਸ਼ਵਤਖੋਰੀ ਦੀਆਂ ਦੋ ਉਦਾਹਰਨਾਂ ਹੇਠਾਂ ਦਿੱਤੀਆਂ ਗਈਆਂ ਹਨ :

### ■ ਸਰਕਾਰੀ ਨੌਕਰੀ ਦੇ ਲਈ ਅਰਜ਼ੀ ਦੇਣੀ ■

ਕਿਸੇ ਵਿਅਕਤੀ ਨੇ ਸਰਕਾਰੀ ਨੌਕਰੀ ਦੇ ਲਈ ਇੱਕ ਅਰਜ਼ੀ ਦਿੱਤੀ ਹੈ। ਛੇਤੀ ਤੋਂ ਛੇਤੀ ਨੌਕਰੀ ਪ੍ਰਾਪਤ ਕਰਨ ਲਈ ਕਾਹਲਾ ਪਿਆ ਵਿਅਕਤੀ ਇਸ ਸੰਬੰਧੀ ਪ੍ਰਕਿਰਿਆ ਨੂੰ ਤੇਜ਼ ਕਰਨ ਲਈ ਕਿਸੇ ਸਰਕਾਰੀ ਅਧਿਕਾਰੀ ਨੂੰ ਕੋਈ ਤੋਹਫਾ ਦਿੰਦਾ ਹੈ। ਵਿਅਕਤੀ ਨੇ PBO ਦੇ ਤਹਿਤ ਰਿਸ਼ਵਤ ਦੀ ਪੇਸ਼ਕਸ਼ ਕਰਨ ਦਾ ਜੁਰਮ ਕੀਤਾ ਹੈ ਕਿਉਂਕਿ ਹਾਂਗਕਾਂਗ ਦੀ ਸਰਕਾਰ ਦੁਆਰਾ ਆਪਣੇ ਅਧਿਕਾਰੀਆਂ ਨੂੰ ਤੋਹਫੇ ਲੈਣ ਜਾਂ ਦੇਣ ਲਈ ਕੋਈ ਪ੍ਰਵਾਨਗੀ ਨਹੀਂ ਦਿੱਤੀ ਜਾਂਦੀ। ਜੇਕਰ ਸਰਕਾਰੀ ਅਧਿਕਾਰੀ ਕਿਸੇ ਅਰਜ਼ੀ ‘ਤੇ ਅੱਗੇ ਦੀ ਕਾਰਵਾਈ ਕਰਨ ਲਈ ਤੋਹਫੇ ਵਜੋਂ ਕੁਝ ਲੈਂਦਾ ਹੈ, ਤਾਂ ਉਹ ਵੀ ਰਿਸ਼ਵਤਖੋਰੀ ਦੇ ਮਾਮਲੇ ਵਿੱਚ ਦੋਸ਼ੀ ਮੰਨਿਆ ਜਾਵੇਗਾ।

### ■ ਨੌਕਰੀ ਦੀ ਭਾਲ ■

ਨੌਕਰੀ ਦੀ ਭਾਲ ਕਰਨ ਵਾਲਾ ਵਿਅਕਤੀ ਕਿਸੇ ਕੰਪਨੀ ਦੇ ਪ੍ਰਬੰਧਕ ਨੂੰ ਨੌਕਰੀ ਪੱਕੀ ਕਰਨ ਲਈ HK$3,000 ਦੀ ਪੇਸ਼ਕਸ਼ ਕਰਦਾ ਹੈ। ਨੌਕਰੀ ਦੀ ਭਾਲ ਕਰਨ ਵਾਲਾ PBO ਦੇ ਤਹਿਤ ਕੀਤੇ ਜੁਰਮ ਲਈ ਜਵਾਬਦੇਹ ਹੋਵੇਗਾ, ਜਦੋਂ ਕਿ ਪ੍ਰਬੰਧਕ ਨੂੰ ਵੀ ਉਸ ਵੇਲੇ ਕਾਨੂੰਨ ਦੀ ਉਲੰਘਣਾ ਦਾ ਦੋਸ਼ੀ ਮੰਨਿਆ ਜਾਵੇਗਾ ਜਦੋਂ ਉਹ ਆਪਣੀ ਕੰਪਨੀ ਦੀ ਇਜਾਜ਼ਤ ਬਿਨਾਂ, ਕੰਪਨੀ ਦੇ ਕਾਰੋਬਾਰ ਦੇ ਸੰਬੰਧ ਵਿੱਚ ਪੈਸਾ ਲੈਂਦਾ ਹੈ।






## ਇੰਡਿਪੈਂਡੈਂਟ ਕਮਿਸ਼ਨ ਅਗੈਂਸਟ ਕ੍ਰਪਸ਼ਨ/ ਭ੍ਰਿਸ਼ਟਾਚਾਰ ਵਿਰੋਧੀ ਸੁਤੰਤਰ ਆਯੋਗ (ICAC)

ICAC ਹਾਂਗਕਾਂਗ ਵਿਚ ਭ੍ਰਿਸ਼ਟਾਚਾਰ ਵਿਰੋਧੀ ਸੁਤੰਤਰ ਅਤੇ ਸਮਰਪਿਤ ਏਜੰਸੀ ਹੈ। ਪ੍ਰਭਾਵੀ ਕਾਨੂੰਨ ਲਾਗੂ ਕਰਨ, ਰੋਕਥਾਮ ਅਤੇ ਸਿੱਖਿਆ ਦੁਆਰਾ ਭ੍ਰਿਸ਼ਟਾਚਾਰ ਦੇ ਵਿਰੁੱਧ ਆਪਣੀ ਲੜਾਈ ਲੜਦੀ ਹੈ।




## ਭ੍ਰਿਸ਼ਟਾਚਾਰ ਦੀ ਰਿਪੋਰਟ ਕਰੋ

ਭ੍ਰਿਸ਼ਟਾਚਾਰ ਬੇਇਨਸਾਫ਼ੀ ਲਿਆਉਂਦਾ ਹੈ ਅਤੇ ਸਾਡੇ ਰੋਜ਼ਾਨਾ ਜੀਵਨ ਤੇ ਬੁਰਾ ਪ੍ਰਭਾਵ ਪਾਉਂਦਾ ਹੈ. ਭ੍ਰਿਸ਼ਟਾਚਾਰ ਬਰਦਾਸ਼ਤ ਨਾ ਕਰੋ ਅਤੇ ICAC ਨੂੰ ਇਸਦੀ ਰਿਪੋਰਟ ਕਰੋ.

- ਨਸਲੀ ਭਾਸ਼ਾਵਾਂ ਵਿੱਚ ਵਿਆਖਿਆ ਸੇਵਾ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ.
- ਤੁਹਾਡੇ ਵੱਲੋਂ ਮੁਹੱਈਆ ਕਰਾਈ ਗਈ ਤੁਹਾਡੀ ਪਹਿਚਾਣ ਅਤੇ ਜਾਣਕਾਰੀ ਗੁਪਤ ਰੱਖੀ ਜਾਵੇਗੀ.
- ਨਿਯੁਕਤੀ ਕਰਨ ਦੀ ਕੋਈ ਲੋੜ ਨਹੀਂ ਰਿਪੋਰਟਾਂ ਕੀਤੀਆਂ ਜਾ ਸਕਦੀਆਂ ਹਨ:

ਫ਼ੋਨ ਰਾਹੀਂ: 25 266 366 (24ਘੰਟੇ ਦੀ ਹਾਟ ਲਾਈਨ)

ਵਿਅਕਤੀਗਤ ਤੌਰ'ਤੇ: ICACਰਿਪੋਰਟ ਕੇਂਦਰ (24-ਘੰਟੇ ਦੀ ਸੇਵਾ)
ਜਾਂ ਕਿਸੇ ICAC ਦੇ ਖੇਤਰੀ ਦਫਤਰ ਵਿੱਚ

ਡਾਕ ਦੁਆਰਾ: GPO Box 1000, Hong Kong

ICAC Website : www.icac.org.hk




J6711/18 J6238/16 J6912/19